26-08-2014

ਡਾ:ਅਨੂਪ ਸਿੰਘ ਜੀ,

ਜਨਰਲ ਸਕੱਤਰ

ਪੰਜਾਬੀ ਸਾਹਿਤ ਅਕਾਦਮੀ

ਲੁਧਿਆਣਾ

ਵਿਸ਼ਾ: ਪੰਜਾਬੀ ਭਵਨ ਦੀਆਂ ਕਾਰਜਕਾਰੀ ਕਮੇਟੀਆਂ ਦੇ ਕੇਹੇ ਫੈਸਲੇ? ਸੰਬੰਧੀ

ਸ੍ਰੀ ਮਾਨ ਜੀਓ

23-08-2014 ਨੂੰ ਡਾ.ਅਨੂਪ ਸਿੰਘ ਤੁਹਾਡੇ ਨਾਲ ਇਹ ਗੱਲ ਮੋਬਾਇਲ ਤੇ ਹੋਈ ਕਿ ਨਾਟਕ ਦੀ ਪੇਸ਼ਕਾਰੀ ਤੋਂ ਬਾਅਦ ਗਰੀਨਰੂਮ ਖਾਲੀ ਕਰਨ ਦੀ ਹੋਈ ਸੀ ਤਾਂ ਗਰੀਨਰੂਮ ਪਹਿਲਾਂ ਹੀ ਖਾਲੀ ਸੀ ਸ਼ਾਇਦ ਤੁਸੀਂ ਇਹ ਕਿਸੇ ਵੀ ਮੁਲਾਜ਼ਮ ਨੂੰ ਇਹ ਪੁਛਣਾ ਸਹੀ ਨਾ ਸਮਝਦੇ ਹੋਏ ਕੰਨ ‘ਚ ਫੂਕ ਮਾਰਨ ਵਾਲੇ ਵਿਅਕਤੀਆਂ ਤੇ ਭਰੋਸਾ ਕੀਤਾ ਕਿਉਂਕਿ ਉਹ ਵਿਅਕਤੀ ਇਹ ਗੱਲ ਮੈਨੂੰ ਵੀ ਪੁੱਛ ਸਕਦੇ ਹਨ ਪਰ ਜੇ ਜ਼ੁਬਾਨ ਮੇਰੇ ਨਾਲ ਗੱਲ ਕਰਨ ਲੱਗਿਆਂ ਸਾਥ ਨਾ ਦਿੰਦੀ ਹੋਵੇ ਤਾਂ ਦਫਤਰੋਂ ਵੀ ਪੁੱਛ ਸਕਦੇ ਹਨ ਜਾਂ ਦਫਤਰ ਵਾਲੇ ਵੀ ਮੈਨੂੰ ਪੁੱਛ ਸਕਦੇ ਹਨ, ਪਰ ਨਹੀਂ, ਉਹਨਾਂ ਨੇ ਕੋਈ ਕੰਮ ਨਹੀਂ ਕਰਨ ਸਿਰਫ ਤੁਹਾਨੂੰ ਪਰੇਸ਼ਾਨ ਕਰਨ ਲਈ ਚੁੱਕ ਦੇਣੀ ਹੁੰਦੀ ਹੈ ਵਰਨਾ ਸਾਹਿਤ ਨਾਲ ਉਹ ਲੋਕ ਜੁੜ ਗਏ ਗਲਤੀ ਨਾਲ ਤੇ ਹੁਣ ਸਾਹਿਤਕਾਰ ਹੋਣ ਦਾ ਤਾਂ ਨਹੀਂ ਇਕ ਸਾਂਨ੍ਹ ਹੋਣ ਦਾ ਦਾਅਵਾ ਕਰਨ ਦੀ ਕੋਸ਼ਿਸ਼ ਕਰ ਰਹੇ ਨੇ, ਜੇ ਕਿਤੇ ਕੁਦਰਤ ਨੇ ਉਹਨਾਂ ਦੇ ਸਿਰ ਤੇ ਸਿੰਗ ਉਗਾ ਦਿੱਤੇ ਹੁੰਦੇ ਤਾਂ ਉਹ ਤੁਹਾਨੂੰ ਕੁਝ ਨਾ ਕਹਿੰਦੇ ਮੇਰਾ ਨਿੱਤ ਢਿੱਡ ਪਾੜਦੇ। ਮੁਆਫ ਕਰਨਾ ਫਿਰ ਤੁਸੀਂ ਕਹਿ ਦਿੰਦੇ ਹੋ ਕਿ ਭਾਸ਼ਾ ਨਰਮ ਰੱਖੋ, ਇਹ ਗੱਲ ਉਹਨਾਂ ਨੂੰ ਵੀ ਸਮਝਾਓ ਕਿ ਜੇ ਕੁਝ ਕਰ ਨਹੀਂ ਤਾਂ ਕਿਸੇ ਕਾਰਜ ਵਿੱਚ ਲੱਤ ਵੀ ਨਾ ਫਸਾਉਣ।

ਹੁਣ ਉਹ ਦੀ ਬੇਧਿਆਨੀ ਦੀ ਇਕ ਉਦਾਹਰਣ ਦੇ ਰਿਹਾਂ ਕਿ ਮੈਨੂੰ ਦਫਤਰ ‘ਚ ਇਕ ਪਲੇਟ ਪੜ੍ਹਨ ਨੂੰ ਮਿਲੀ ਜਿਸ ਤੇ ਲਿਖਿਆ ਹੋਇਆ ਹੈ ਕਿ ਸੁਰਿੰਦਰ ਕੈਲੇ, ਵਿੱਤ ਅਤੇ ਭਵਨ ਪ੍ਰਬੰਧਕ, ਕੀ ਉਹ ਪੰਜਾਬੀ ਭਵਨ ਦੀ ਜੇ ਪ੍ਰਬੰਧਕੀ ਸੰਭਾਲਦੇ ਹੁੰਦੇ ਤਾਂ ਤੁਹਾਨੂੰ ਮੇਰੇ ਨਾਲ ਟੈਲੀਫੋਨ ਤੇ ਗੱਲ ਕਰਨ ਦੀ ਕਿਹੜੀ ਲੋੜ ਸੀ? ਕੀ ਉਹਨਾਂ ਨੂੰ ਬਾਹਰ ਪਿਆ ਖਰਾਬ ਹੋ ਰਿਹਾ ਸਾਮਾਨ ਨਹੀਂ ਦਿਖ ਰਿਹਾ ਜਿਸਤੇ ਪੰਜਾਬੀ ਸਾਹਿਤ ਅਕਾਦਮੀ ਦਾ ਪੈਸਾ ਲੱਗਿਆ ਹੋਇਆ ਹੈ? ਉਹ ਕਿਹੜੀ ਪ੍ਰਬੰਧਕੀ ਕਰਦੇ ਹਨ ਜਿਹਨਾਂ ਨੂੰ ਸਿਰਫ ਗਰੀਨਰੂਮ ਕਿਸ ਕੋਲ ਹੈ ਕਿਸ ਕੋਲ ਨਹੀਂ ਹੀ ਨਜ਼ਰ ਆ ਰਿਹਾ ਹੈ ਬਲਕਿ ਪੰਜਾਬੀ ਭਵਨ ਦੇ ਦਫਤਰ ਨਾਲ ਲਗਦੀਆਂ ਪੌੜੀਆਂ ਦੇ ਕੋਲ ਪਿਆ ਲੈਕਚਰ ਸਟੈਂਡ ਜਿਹੜਾ ਮੁਫਤ ‘ਚ ਨਹੀਂ ਦੋ ਹਜ਼ਾਰ ਤੋਂ ਚਾਰ ਹਜ਼ਾਰ ਦੇ ਨਜ਼ਦੀਕ ਕੀਮਤ ਦਾ ਹੈ ਨਜ਼ਰ ਨਹੀਂ ਆ ਰਿਹਾ? ਉਸੇ ਲੈਕਚਰ ਸਟੈਂਡ ਦੇ ਕੋਲ, ਉਤਾਰੇ ਹੋਏ ਦਰਵਾਜ਼ੇ ਸ਼ਾਇਦ ਤੁਸੀਂ ਵੀ ਇਹ ਕੋਸ਼ਿਸ਼ ਨਹੀਂ ਕੀਤੀ ਕਿ ਦੇਖ ਸਕੋਂ ਕਿ ਕਿਹੜਾ ਸਾਮਾਨ ਖਰਾਬ ਹੋ ਰਿਹਾ ਹੈ? ਹੁਣ ਇਥੇ ਇਹ ਨਾ ਕਹਿ ਦੇਣਾ ਕਿ ਮੈਂ ਜਨਰਲ ਸਕੱਤਰ ਹਾਂ ਪੰਜਾਬੀ ਭਵਨ ਦਾ ਨਿਗਰਾਨੀ ਇੰਚਾਰਜ ਨਹੀ। ਜਿਹੜੇ ਤੁਹਾਡੇ ਕੰਨ ‘ਚ ਫੂਕ ਮਾਰਦੇ ਨੇ, ਕਦੀ ਉਹਨਾਂ ਨੂੰ ਵੀ ਕਿਹਾ ਕਰੋ ਕਿ ਕੰਨ ‘ਚ ਫੂਕ ਮਾਰਨ ਨਾਲ ਪਹਿਲਾਂ ਕੰਨ ਦਾ ਪਰਦਾ ਖਰਾਬ ਹੁੰਦਾ ਹੈ ਜੇ ਕੰਨ ਦਾ ਪਰਦਾ ਖਰਾਬ

ਨਾ ਵੀ ਹੋਵੇ ਫਿਰ ਦਿਮਾਗ ਖਰਾਬ ਹੁੰਦਾ ਹੈ ਜਿਹੜਾ ਕੰਮ ਕਰਨ ਵਾਲੇ ਬੰਦੇ ਨੂੰ ਪ੍ਰੇਸ਼ਾਨ ਵੀ ਕਰ ਸਕਦਾ ਹੈ। ਆਹ ਫੋਟੋ ਜਿਹੜੀਆਂ ਤੁਹਾਡੇ ਫੋਨ ਤੋਂ ਬਾਅਦ ਤੁਹਾਡੇ ਲਈ ਹਨ, ਕਦੀ ਨਜ਼ਰ ਵੀ ਮਾਰੋ, ਜਾਂ ਜਦੋਂ ਵੀ ਆਵੋਂ ਤਾਂ ਮੈਨੂੰ ਜ਼ਰੂਰ ਦੱਸਿਓ ਮੈਂ ਵੀ ਤੁਹਾਡੇ ਕੰਨ ਵਿੱਚ ਫੂਕ ਮਾਰਨ ਆ ਜਾਵਾਂਗਾ ਕਿ ਕਿਹੜੀ ਚੀਜ਼ ਕਿਥੇ ਤੇ ਕਿਵੇਂ ਖਰਾਬ ਹੋ ਰਹੀ ਹੈ?



**ਇਹ ਉਹ ਜਿਹੜੇ ਕੀਮਤੀ ਨੇ ਮੁਫਤ ਨਹੀਂ**



**ਇਹ ਲੈਕਚਰ ਸਟੈਂਡ ਦਫਤਰ ਬਿਲਕੁਲ ਨਾਲ**

ਇਕ ਹੋਰ ਦੇਖੋ ਕਿ ਪੰਜਾਬੀ ਸਾਹਿਤ ਅਕਾਦਮੀ ਦਾ ਤਾਂ ਇਕ ਵੀ ਮੋਹਰੀ ਨੁਮਾਇੰਦਾ ਨਹੀਂ ਆਇਆ ਜਿਸਨੂੰ ਅਸੀਂ ਵੀ ਕਹਿ ਸਕੀਏ ਕਿ ਇਹ ਵੀ ਸਾਹਿਤ ਦੇ ਵਿਸ਼ੇ ਰੰਗਮੰਚ ਨੂੰ ਪ੍ਰਮੋਟ ਕਰਨ ਲਈ ਸਾਡੇ ਨਾਲ ਖੜ੍ਹੇ ਹਨ? ਇਥੇ ਖੜ੍ਹਨਾ ਤਾਂ ਦੂਰ ਕਦੇ ਪਹਿਲੀਆਂ ਕਮੇਟੀਆਂ ਨੂੰ ਤੇ ਹੁਣ ਤੁਹਾਨੂੰ ਪੁੱਠੀਆਂ ਸਿੱਧੀਆਂ ਲੂਤੀਆਂ ਲਾ ਕੇ ਰੰਗਮੰਚ ਨੂੰ ਭਵਨੋਂ ਹੀ ਚਲਦਾ ਕਰਨ ਲਈ ਤਿਆਰ ਬੈਠੇ ਹਨ ਤੇ ਸ਼ਾਇਦ ਉਹ ਤੁਹਾਨੂੰ ਪੰਜਾਬੀ ਭਵਨ ਸਾਹਿਤ ਦਾ ਵਿਹੜਾ ਨਹੀਂ ਵਿਆਹ ਸ਼ਾਦੀਆਂ ਦਾ ਰਿਜ਼ੋਰਟ ਬਣਾਕੇ ਦੇਣਗੇ। ਜਿਹਨਾਂ ਨੂੰ ਇਹ ਫੁਰਸਤ ਤੇ ਹੈ ਕਿ ਉਹ ਦੇਖ ਸਕਣ ਕਿ ਸਟੇਜ਼ ਤੇ ਕੀ ਚੱਲ ਰਿਹਾ ਹੈ ਸਿਰਫ ਉਦੋਂ ਜਦੋਂ ਰੰਗਮੰਚ ਰੰਗਨਗਰੀ (ਰਜਿ:) ਨਹੀਂ ਬਲਕਿ ਤਰਲੋਚਨ ਸਿੰਘ ਕੀ ਕਰ ਰਿਹਾ ਹੈ? ਉਹ ਤੁਹਾਨੂੰ ਇਹ ਕਿਉਂ ਨਹੀਂ ਕਹਿ ਦਿੰਦੇ ਕਿ ਤਰਲੋਚਨ ਸਿੰਘ ਨੂੰ ਭਵਨੋਂ ਬਾਹਰ ਕੱਢੋ ਸਾਨੂੰ ਨਹੀਂ ਚਾਹੀਦਾ ਰੰਗਮੰਚ ਤੇ ਬਲਰਾਜ ਸਾਹਨੀ ਰੰਗਮੰਚ ਨੂੰ ਢੁਆ ਕਿ ਕੋਈ ਹਾਲ ਹੀ ਬਣਵਾ ਦਿਓ ਤੇ ਸਤਸੰਗ ਕਰਵਾਇਆ ਕਰੋ, ਜਿਆਦਾ ਪੈਸੇ ਵੀ ਵੱਟੇ ਜਾ ਸਕਦੇ ਨੇ ਨਾਲ ਹੀ ਪੈਸੇ ਦੇ ਕੁਝ ਹੋਰ ਸਾਧਨ ਵੀ ਹੋ ਸਕਦੇ ਨੇ। ਜਦੋਂ ਕਿ ਜਦੋਂ ਇਹ ਬਲਰਾਜ ਸਾਹਨੀ ਰੰਗਮੰਚ ਹਾਲ ਵਿੱਚ ਚੱਕਰ ਮਾਰਦੇ ਨੇ, ਇਹਨਾਂ ਨੂੰ ਇਹਨਾਂ ਵੱਲੋਂ ਹੀ ਪ੍ਰਮੋਟ ਕਰਨ ਵਾਲੇ ਨੁਮਾਇੰਦਿਆਂ ਵੱਲੋਂ ਪੰਜਾਬੀ ਭਵਨ ਨੂੰ ਖਰਾਬ ਕਰਨ ਵਾਲੀਆਂ ਦੀਵਾਰਾਂ ਨਹੀਂ

ਦਿਸਦੀਆਂ? ਸਟੇਜ਼ ਦੀ ਛੱਤ ਟੁੱਟ ਰਹੀ ਹੈ ਨਹੀਂ ਨਜ਼ਰ ਆਉਂਦੀ? ਪੌੜੀਆਂ 'ਚ ਲਗਾਇਆ ਗਿਆ ਅੜਿੱਕਾਂ ਨਜ਼ਰ ਨਹੀਂ ਆਉਂਦਾ? ਫਿਰ ਇਹ ਕਾਹਦੇ ਪ੍ਰਬੰਧਕ ਹਨ? ਜਾਂ ਸਿਰਫ ਕਿਤਾਬਾਂ ਕਾਲੀਆਂ ਕਰਨ ਵਾਲੇ ਲੇਖਕ ਹਨ, ਅਮਲ ਕਰਨ ਵਾਲੇ ਨਹੀਂ, ਕਾਹਦੇ ਕਹਾਣੀਕਾਰ ਹਨ ਜਿਹਨਾਂ ਲੱਤ ਫਸਾਊ ਕਹਾਣੀਆਂ ਹੀ ਖੜ੍ਹਨੀਆਂ ਹਨ? ਆਹ ਹੋਰ ਫੋਟੋਆਂ ਵੀ ਨਜ਼ਰ ਮਾਰ ਲਓ, ਕਿਉਂਕਿ ਤੁਸੀਂ ਬਤੌਰ ਜਨਰਲ ਸਕੱਤਰ ਪੰਜਾਬੀ ਸਾਹਿਤ ਅਕਾਦਮੀ ਹੋਰ ਵੀ ਬੜੇ ਕਾਰਜ ਕਰਨੇ ਹੁੰਦੇ ਹਨ, ਅੰਦਰ ਜਾਣ ਦਾ ਵਕਤ ਹੀ ਨਹੀਂ ਮਿਲਦਾ ਹੋਣਾ।



ਉਹ ਦੀਵਾਰ ਜਿਹੜੀ ਅੰਦਰ ਵੜਦਿਆਂ ਦਿਸਦੀ ਹੈ



ਦਰਸ਼ਕਾਂ ਲਈ ਬੈਠਣ ਵਾਲੀਆਂ ਪੌੜੀਆਂ ਦੀ ਰੁਕਾਵਟ





ਜਿਹੜੀਆਂ ਦਰਸ਼ਕਾਂ ਲਈ ਰੁਕਾਵਟ ਦਾ ਕਾਰਨ ਪੌੜੀਆਂ




ਆਹ ਛੱਤ ਦੀਆਂ ਡਿੱਗ ਰਹੀਆਂ ਝਾਲਰਾਂ ਜਿਸ ਦਾ ਭਵਨ ਪ੍ਰਬੰਧਕ ਕਈ ਵਾਰ ਬਜਟ ਬਣਾ ਚੁੱਕੇ ਹੋਣਗੇ ਸ਼ਾਇਦ



ਦਫਤਰ ਬਿਲਕੁਲ ਨਾਲ ਬਾਹਰ ਪਏ ਦਰਵਾਜ਼ੇ



ਨਾਲ ਹੀ ਖਰਾਬ ਹੋ ਰਿਹਾ ਕੀਮਤੀ ਸਰੀਆ

ਇਹ ਨੇ ਸਾਡੇ ਵੱਡਿਆਂ ਵੱਲੋਂ ਬਣਾਈਆਂ ਉਮੀਦਾਂ ਤੇ ਆਸਾਂ ਦਾ ਉਹ ਮਹਿਲ ਜਿਹਦਾ ਨੀਂਹ ਪੱਥਰ ਭਾਰਤ ਰਾਸ਼ਟਰਪਤੀ ਜੀ ਵੱਲੋਂ ਰਖਾਇਆ ਗਿਆ ਤੇ ਜਿਹੜਾ ਸਾਡਾ ਹਰ ਵਾਰ ਦਾ ਪ੍ਰਬੰਧਕੀ ਇਸਨੂੰ ਮਿੱਟੀ ‘ਚ ਮਿਲਾਉਣ ਦੀ ਕੋਈ ਕਸਰ ਨਹੀਂ ਛੱਡ ਰਿਹਾ, ਉਹਨਾਂ ਨੂੰ ਬੰਦੇ ਨਹੀਂ ਘਰ ‘ਚ ਕੰਮ ਕਰਦੀਆਂ ਉਹ ਔਰਤਾਂ ਹੋਣਾ ਚਾਹੀਦਾ ਸੀ ਜਿਹੜੀ ਮਾਵਾਂ ਧੀਆਂ ਨਾਲ ਵੀ ਕੰਮ ਨਾ ਕਰਨ ਦਾ ਬਹਾਨਾ ਬਣਾ ਕੇ ਲੜਦੀਆਂ ਹਨ, ਉਹ ਭੈਣਾਂ ਹੋਣਾ ਚਾਹੀਦਾ ਸੀ ਜਿਹੜੀ ਇਕ ਦਾ ਨਹਾਉਣ ਵਾਲਾ ਸਾਬਣ ਮੁੱਕਣ ਤੇ ਦੂਜੀ ਨੂੰ ਚਿੜਾ ਸਕਣ ਤੇ ਉਹ ਬੇਟੀਆਂ ਹੋਣਾ ਚਾਹੀਦਾ ਸੀ ਜਿਹੜੀ ਮਾਂ ਪਿਉ ਭੈਣ ਭਾਈ ਤੇ ਕਹਿਣ ਤੇ ਵੀ ਨਲਾਇਕ ਰਹਿਣਾ ਚਾਹੁੰਦੀਆਂ ਨੇ। ਪਰ ਕਾਸ਼

ਅਜਿਹੀ ਸੋਚ ਦੇ ਮਾਲਕ ਤੁਹਾਡੇ ਬਣਾਏ ਹੋਏ ਕਾਰਜ ਕਰਨੀ ਨੇ, ਜਿਹੜੇ ਕੰਮ 'ਚ ਘੜੰਮ ਵਾਲੀ ਸਥਿਤੀ ਤੇ ਪੈਦਾ ਕਰ ਸਕਦੇ ਨੇ, ਸਹਿਯੋਗ ਨਹੀਂ। ਜੇ ਉਹ ਭਵਨ ਪ੍ਰਬੰਧਕ ਦੀ ਡਿਊਟੀ ਨਿਭਾਉਂਦੇ ਤਾਂ ਪੰਜਾਬੀ ਭਵਨ ਦੇ ਵਿਕਰੀ ਡਿਪੂ ਤੇ ਬੈਠਣ ਵਾਲੇ ਸਿਆਣੇ ਇਹਨਾਂ ਤੋਂ ਉਮਰੋਂ ਵੱਡੇ ਦੀ ਇਹ ਗੱਲ ਜ਼ਰੂਰ ਸੁਣਦੇ ਕਿ ਯਾਰ ਡਿਪੂ ਅੱਗੇ ਉਪਰ ਚੜ੍ਹਨ ਲਈ ਇਕ ਸਟੈਪ ਪੌੜੀਆਂ ਬਣਾਉਣੀ ਐਂ ਤਾਂ ਬਜਟ ਮੰਗਦੇ ਨੇ ਕੰਮ ਨਹੀਂ। ਇਹ ਤੁਸੀਂ ਭਵਨ ਪ੍ਰਬੰਧਕ ਨਹੀਂ ਬਣਾਏ ਰਬੜ ਦੀ ਉਹ ਮੋਹਰ ਹੈ ਜਿਹੜੀ ਸਟੈਂਪ ਪੈਡ ਨਾਲ ਨਹੀਂ ਲਗਦੀ ਸਾਨੂੰ ਆਪਣੇ ਥੁੱਕ ਨਾਲ ਜੇ ਲਗ ਜਾਵੇ ਤਾਂ ਲਾਉਣੀ ਪੈਂਦੀ ਹੈ ਜਾਂ ਫਿਰ ਭਾਫ ਦੀ ਹਵਾ ਵਰਦੇ ਹਾਂ, ਕੋਸ਼ਿਸ਼ ਕਰੋ ਜੇ ਇਹ ਇਵੇਂ ਚੱਲ ਜਾਣ, ਨਹੀਂ ਇਹਨਾਂ ਨਘੋਚਾਂ ਤਾਂ ਕੱਢਣੀਆਂ ਨੇ ਪਰ ਕੈਟਨੀਟ ਦਾ ਫੈਸਲਾ ਇਹਨਾਂ ਨੂੰ ਨਜ਼ਰ ਨਹੀਂ ਆਉਂਦਾ।

14 ਅਗਸਤ 2014 ਸ਼ਾਮ ਪੰਜ ਵਜੇ ਤੋਂ ਬਾਅਦ ਦਫਤਰ ਖੁੱਲ੍ਹਾ ਸੀ ਤੇ ਸੁਰਿੰਦਰ ਕੈਲੇ ਤੇ ਨਾਲ ਪਤਾ ਨਹੀਂ ਹੋਰ ਕੌਣ ਸੀ ਕਿ ਦਫਤਰ ਬੰਦ ਕਰਕੇ ਏ ਸੀ ਚਲਦਾ ਹੀ ਛੱਡ ਗਏ ਤੇ ਭਵਨ ਦੇ ਹੀ ਇਕ ਵਿਅਕਤੀ ਨੇ ਕਿਹਾ ਕਿ ਏ ਸੀ ਚਲਦਾ ਹੈ ਤੇ ਅਗਰ ਕਿਸੇ ਦਾ ਮੋਬਾਇਲ ਨੰਬਰ ਹੈ ਤਾਂ ਗੱਲ ਕਰੋ ਤੇ ਮੇਰੇ ਕੋਲ ਸ.ਪ੍ਰੇਮ ਸਿੰਘ ਜੀ ਜੋ ਦਫਤਰੀ ਹਨ ਦਾ ਨੰਬਰ ਮਿਲਾਇਆ ਤੇ ਦੱਸਿਆ ਗਿਆ, ਉਹ ਵਿਚਾਰ ਪਤਾ ਨਹੀਂ ਕਿਸ ਹਾਲਤ ਵਿੱਚ ਨਾਲ ਇਕ ਹੋਰ ਉਹਨਾਂ ਦਾ ਵਿਅਕਤੀ ਕਰੀਬ ਰਾਤ ਨੌਂ ਸਵਾ ਨੌਂ ਵਜੇ ਆਏ ਤੇ ਫਿਰ ਦਫਤਰ ਖੋਲ੍ਹਕੇ ਤੇ ਏ ਸੀ ਬੰਦ ਕਰਕੇ ਗਏ, ਇਸੇ ਤਰਾਂ ਕਾਫੀ ਸਮਾਂ ਪਹਿਲਾਂ ਵੀ ਇਹੀ ਘਟਨਾ ਮੈਡਮ ਸੁਰਿੰਦਰ ਦੇ ਹੁੰਦਿਆਂ ਵਾਪਰੀ ਸੀ, ਜਦੋਂ ਇਹਨਾਂ ਨਾਲ ਮੇਰੀ ਗੱਲ ਹੋਈ ਤਾਂ ਸ਼੍ਰੀ ਮਾਨ ਸੁਰਿੰਦਰ ਕੈਲੇ ਜੀ ਦਾ ਇਹ ਬਿਆਨ ਸੀ ਕਿ "ਮੈਂ ਤਾਂ ਕਿਹਾ ਕਿ ਮੇਨ ਸਵਿੱਚ ਬੋਰਡ ਚੋਂ ਪਲੱਗ ਕੱਢ ਦੇਣੇ ਸੀ" ਤੁਸੀਂ ਹੁਣ ਆਪ ਸੋਚੋ ਕਿ ਜੇ ਕੋਈ ਵੀ ਅਣਜਾਣ ਵਿਅਕਤੀ ਉਸਨੂੰ ਹੱਥ ਲਾਵੇ ਤੇ ਕਰੰਟ ਨਾਲ ਕੋਈ ਵੀ ਅਣਸੁਖਾਂਵੀਂ ਘਟਨਾ ਹੋ ਜਾਵੇ ਤਾਂ ਉਸਦਾ ਜ਼ਿੰਮੇਵਾਰ ਕੌਣ ਹੈ?

ਇਹਨਾਂ ਨੂੰ ਕੋਸ਼ਿਸ਼ ਕਰਿਆ ਕਰੋ ਸਮਝਾਉਣ ਦੀ ਕਿ ਆਹ ਹੇਠ ਫੋਟੋਆਂ ਦਾ ਸਾਮਾਨ ਖਰਾਬ ਹੋ ਰਿਹਾ ਹੈ, ਲੂਤੀਆਂ ਲਾ ਕੇ ਕਿਸੇ ਦਾ ਦਿਮਾਗ ਨਾ ਖਰਾਬ ਕਰਿਆ ਕਰੋ, ਇਹ ਸਾਮਾਨ ਖਰਾਬ ਹੋਣ ਤੋਂ ਬਚਾਓ ਜੇ ਬਚਾ ਸਕਦੇ ਓਂ?







ਪੰਜਾਬੀ ਸਾਹਿਤ ਅਕਾਮਦੀ ਦੇ ਦਫਤਰ 'ਚ ਏ ਸੀ ਦੀ ਹਵਾ ਲੈ ਕੇ ਬਿਜਲੀ ਫੂਕਣ ਤੇ ਰਹਿੰਦੇ ਨੇ ਇਹਨਾਂ ਨੂੰ ਕਿਹਾ ਕਰੋ ਕਿ ਏ ਸੀ ਹਵਾ ਲੈ ਕੇ ਪੰਜਾਬੀ ਸਾਹਿਤ ਅਕਾਦਮੀ ਦਾ ਆਰਥਿਕ ਨੁਕਸਾਨ ਕਰਨ ਵਾਲਿਓ ਬਾਹਰ ਪਿਆ ਸਾਮਾਨ ਜੋ ਖਰਾਬ ਹੋ ਰਿਹਾ ਹੈ ਉਹ ਤੁਹਾਡੇ ਕਾਰਨ ਦੁੱਗਣਾ ਆਰਥਿਕ ਨੁਕਸਾਨ ਹੈ। ਪਤਾ ਨਹੀਂ ਤੁਸੀਂ ਕਿਹੜੀ ਕਮੇਟੀ ਚੁਣਦੇ ਹੋ ਕਿ ਜਾਤੀ ਰਿਲੇਸ਼ਨ ਭੁਗਤਾ ਰਹੇ ਹੋ ਪਤਾ ਨਹੀਂ ਪੰਜਾਬੀ ਸਾਹਿਤ ਅਕਾਦਮੀ ਦਾ ਕਿ ਪੰਜਾਬੀ ਸਾਹਿਤ ਦਾ ਭੱਠਾ ਬਿਠਾਉਣ ਲਈ।

'ਤੇਰਾ ਕੋਈ ਰਖਵਾਲਾ ਨਹੀਂ, ਲੁੱਟ ਪੈਗੀ ਮੈਂ ਮੇਰੀ ਦੀ' ਹੇਠਲੀਆਂ ਫੋਟੋਆਂ ਦੱਸਦੀਆਂ ਨੇ ਜਾਂ ਸ਼ਾਇਦ ਦੱਸਦੀਆਂ ਹੋਣਗੀਆਂ ਕਿ ਇਥੇ ਸਿਰਫ ਨੇਮ ਪਲੇਟਾਂ ਦੇ ਨਾਮ ਲਿਖਵਾਉਣ ਵਾਲੇ ਵਿਅਕਤੀ ਨੇ ਕਾਰਜ ਵਾਲੇ ਨਹੀਂ।








ਹੁਣ ਗੱਲ ਇਹ ਕਿ ਇਹ ਤਰਲੋਚਨ ਸਿੰਘ ਦੀ ਕੋਈ ਜੱਦੀ ਜਾਇਦਾਦ ਨਹੀਂ, ਪਰ ਜਦੋਂ ਵੀ ਅਸੀਂ ਨਾਟਕ ਦੀ ਪੇਸ਼ਕਾਰੀ ਕਰਨੀ ਹੁੰਦੀ ਹੈ ਤਾਂ ਤੁਹਾਡਾ ਹਰ ਵਾਰ ਇਹੀ ਸੁਆਲ ਤੇ ਜੁਆਬ ਵੀ ਕਿ ਕੋਈ ਭਵਨ ਤੇ ਕਬਜਾਧਾਰੀ ਨਹੀਂ ਹੋਣਾ ਚਾਹੀਦਾ, ਕੀ ਤੁਸੀਂ ਸਹੀ ਅਰਥਾਂ 'ਚ ਪਹਿਲੇ ਕਬਜੇ ਛੁਡਵਾ ਲਏ? ਕੀ ਤੁਸੀਂ ਗਰੀਨਰੂਮ ਜਿਹੜੇ ਰੰਗਮੰਚ ਦੀ ਜ਼ਰੂਰਤ ਹੋਣ ਦੇ ਨਾਤੇ ਵੀ ਤੁਸੀਂ ਕਿਰਾਏ ਤੇ ਦੇ ਦਿੱਤੇ, ਉਹ ਲੋੜ ਤੁਹਾਡੀ ਸਮਝੋ ਬਾਹਰ ਹੈ? ਜਾਂ ਫਿਰ ਤੁਸੀਂ ਕਿਸੇ ਕੱਠਪੁਤਲੀਆਂ ਦੇ ਸ਼ਹਿਰ ਚੋਂ ਆ ਗਏ ਹੋ ਜਿਹੜਾ ਤੁਹਾਨੂੰ ਸਮਝਣ ਦਾ ਮੌਕਾ ਈ ਨਹੀਂ ਦੇ ਰਹੇ, ਕੀ ਕਹਾਂ?

ਨਾ ਇਥੇ ਸਵ.ਹਰਪਾਲ ਟਿਵਾਣਾ ਜੀ ਰਹੇ, ਨਾ ਸ਼੍ਰੀ ਅਸ਼ਵਨੀ ਚੈਟਲੇ ਜੀ, ਨਾ ਜੱਗੀ ਆਜ਼ਾਦ ਵਰਗੇ ਤੇ ਨਾ ਵੀ ਵਿਪਨ ਸ਼ਰਮੇ ਵਰਗੇ ਇਥੇ ਕਬਜਾ ਕਰ ਸਕੇ ਇਹ ਲੋਕ ਆਏ ਥਿਏਟਰ ਕੀਤਾ ਤਾਂ ਆਪਣੇ ਆਪਣੇ ਗਰਾਂ ਨੂੰ ਚਲੇ ਤੇ ਅਸੀਂ ਵੀ ਇਥੇ ਨਹੀਂ ਰਹਿਣਾ ਕਿਉਂਕਿ ਰੰਗਮੰਚ ਆਰਥਿਕ ਮਦਦ ਨਹੀਂ ਅੰਦਰੂਨੀ ਭੁੱਖ ਹੈ, ਪਰ ਸਾਨੂੰ ਅਧੂਰੇ ਸਾਹਿਤ ਭੁੱਖੇ ਪ੍ਰਬੰਧਕ ਬਣਕੇ ਖਾਣ ਨੂੰ ਪੈ ਰਹੇ ਹਨ। ਜੇ ਸਾਡੀ ਚੁੱਪ ਬਰਦਾਸ਼ਤ ਨਹੀਂ ਤਾਂ ਫਿਰ ਧਰਨਾ ਮੁਜਾਹਰਾ ਸਾਡੀ ਮਜਬੂਰੀ ਹੋਵੇਗੀ ਤੇ ਤੁਹਾਡੀ ਖਾਲੀ ਤੋਏ ਤੋਏ। ਤਮਾਸ਼ਾ ਹੋਵੇਗਾ ਤੇ ਦੇਖਣ ਵਾਲੇ ਤੁਹਾਡੇ ਚਾਹਵਾਨ ਹੀ ਹੋਣਗੇ। ਜਾਂ ਫਿਰ ਬਾਕੀ ਕਬਜਾਧਾਰੀਆਂ ਤੋਂ ਇਹ ਖਾਲੀ ਹੋਣੇ ਚਾਹੀਦੇ ਨੇ, ਨਹੀਂ ਜੇ ਗਰੀਨਰੂਮਾਂ ਨੂੰ ਬੇ-ਬਜਾਹ ਤਾਲੇ ਲੱਗਣਗੇ ਤੇ ਉਹ ਹਰ ਵਾਰ ਤੋੜ ਨਾ ਦਈਏ ਕਿਉਂਕਿ ਉਥੇ ਸਾਮਾਨ ਰੱਖਣਾ ਸਾਡੀ ਲੋੜ ਹੈ ਮਜਬੂਰੀ ਨਹੀਂ ਕਿਉਂਕਿ ਅਸੀਂ ਸਾਮਾਨ ਉਦੋਂ ਤੱਕ ਇਥੇ ਰੱਖਣਾ ਹੈ ਜਦੋਂ ਤੱਕ ਰੰਗਮੰਚ ਲਈ ਇਥੇ ਕਾਰਜ ਕਰਦੇ ਹਾਂ। ਇਹ ਬੰਦਸ਼ਾਂ ਇਹ ਮਜ਼ਬੂਰੀਆਂ ਅਗਰ ਤੁਹਾਡੀ ਕਾਰਜਕਰਨੀ ਕਮੇਟੀ ਦੀਆਂ ਹਨ ਤਾਂ ਜਦੋਂ ਵੀ ਤੁਹਾਡਾ ਜਾਂ ਕਾਰਜਕਰਨੀ ਕਮੇਟੀ ਦਾ ਦਿਲ ਕਰੇ ਸਾਰੇ ਇਕੱਠੇ ਬੈਠਕੇ ਗੱਲ ਕਰ ਸਕਦੇ ਹੋ।

ਹਰ ਵਾਰ ਤੁਹਾਨੂੰ ਕਹਾਂ, ਤੇ ਹਰ ਵਾਰ ਤੁਸੀਂ ਮੇਰੇ ਨਾਲ ਆਪਣੇ ਸ਼ਬਦ ਬੇਕਾਰ ਕਰੋ ਕੋਈ ਫਾਇਦਾ ਨਹੀਂ, ਨਿਗਰਾਨੀ ਖਾਤਰ ਜਿਹੜਾ ਬਹੁਤਾ ਸਿਆਣਾ ਹੈ ਉਹ ਸਾਨੂੰ ਦੇ ਦਿਓ, ਅਸੀਂ ਉਹਨੂੰ ਵੀ ਸੰਤੁਸ਼ਟ ਕਰਵਾ ਦਿਆਂਗੇ। ਪਰ ਅਗਸਤ ਤੋਂ ਦਸੰਬਰ 2014 ਅਤੇ ਮਾਰਚ 2015 ਤੋਂ ਮਈ/ਜੂਨ 2015 ਤੱਕ ਅਸੀਂ ਪੇਸ਼ਕਾਰੀਆਂ ਕਰਨੀਆਂ ਈ ਹੁੰਦੀਆਂ ਹਨ ਤੇ ਇਹ ਤੁਹਾਡੇ ਦਫਤਰੀ ਰਿਕਾਰਡ 'ਚ ਪਿਛਲੇ 15 ਸਾਲ ਤੋਂ (1998- ਅਗਸਤ 2014) ਤੱਕ ਦਰਜ ਹੈ, ਮਾਨਸਿਕ ਪ੍ਰੇਸ਼ਾਨ ਨਾ ਕਰੋ ਕਲਾਕਾਰ ਬੜੇ ਨਰਮ ਤੇ ਭਾਵੁਕ ਹੁੰਦੇ ਹਨ ਇਹ ਰੋਣ ਲੱਗਿਆਂ, ਬੰਦੇ ਦੇ

ਮਾਰਨ ਲੱਗਿਆਂ ਤੇ ਆਤਮਹੱਤਿਆ ਕਰਨ ਲੱਗਿਆਂ ਵਕਤ ਨਹੀਂ ਲਾਉਂਦੇ। ਜੇ ਇਸ ਬਾਰੇ ਪੂਰੀ ਤਰਾਂ ਨਾ ਪਤਾ ਹੋਵੇ ਤਾਂ ਕਿਸੇ ਵੀ ਨਿਊਰੋ ਸਪੈਸ਼ਲਿਸ਼ਟ ਤੋਂ ਪੁੱਛ ਸਕਦੇ ਹੋ। ਪਰ ਹਾਲੇ ਸਾਡਾ ਇਰਾਦਾ ਸਿਰਫ ਪੰਜਾਬੀ ਸਾਹਿਤ ਨੂੰ ਪੰਜਾਬੀ ਨਾਟਕ ਰਾਹੀਂ ਪ੍ਰਫੁੱਲਤ ਕਰਨ ਦਾ ਹੈ ਨਾਂ ਕਿ ਅਜਿਹੇ ਬੇ-ਮਤਲਬ ਖਲਜਗਣ ‘ਚ ਪੈਣ ਦਾ, ਤੇ ਦਫਤਰ ਨੂੰ ਹੁਕਮ ਦਿਓ ਕਿ ਤੁਹਾਡੇ ਕਹੇ ਅਨੁਸਾਰ ਹੀ ਹੋਵੇਗਾ ਪਰ ਜੇ ਪ੍ਰੇਸ਼ਾਨੀ ਦਿਓਂਗੇ ਤਾਂ ਅਸੀਂ ਮੈਂਬਰ ਹੋਣ ਦੇ ਨਾਤੇ ਤੇ ਕੁਝ ਦੇਵਾਂਗੇ ਹੀ। ਕਿਉਂਕਿ ਅੰਗਰੇਜ਼ੀ ‘ਚ ਕਹਿੰਦੇ ਹਨ **Give & Take** ।

ਪ੍ਰੇਸ਼ਾਨੀ ਨਾ-ਪਸੰਦ

ਤਰਲੋਚਨ ਸਿੰਘ
98142-53800, 94173-96005